# ਦੱਸੋ ਦੱਸੋ ਸਖੀਓ ਕੇਹੜੇ ਵੇਲੇ ਮੱਖਣ ਚੁਰਾਇਆ

ਦੱਸੋ ਦੱਸੋ ਸਖੀਓ, ਕੇਹੜੇ ਵੇਲੇ ਮੱਖਣ ਚੁਰਾਇਆ ॥
ਭੋਲ਼ੇ ਭਾਲੇ, ਕਾਨ੍ਹਾ ਨੂੰ ਤੁਸੀਂ, ਐਵੇਂ ਚੋਰ ਬਣਾਇਆ ।
ਦੱਸੋ ਦੱਸੋ ਸਖੀਓ, ਕੇਹੜੇ ਵੇਲੇ,,,,,,,,,,,,,,,,,,,,

ਸੁਬ੍ਹਾ ਸਵੇਰੇ, ਕਾਨ੍ਹਾ ਮੇਰਾ, ਗਊਆਂ ਚਰਾਵਣ ਜਾਵੇ ।
ਸਾਰਾ ਦਿਨ ਓਹ, ਗਊਆਂ ਚਰਾ ਕੇ, ਸ਼ਾਮ ਪਈ ਘਰ ਆਵੇ ॥
ਹੋ ਗਲ਼ੀ ਗਲ਼ੀ ਵਿੱਚ, ਇਕੱਠੀਆਂ ਹੋ ਕੇ ।
ਐਵੇਂ ਰੌਲ਼ਾ ਪਾਇਆ,
ਦੱਸੋ ਦੱਸੋ ਸਖੀਓ, ਕੇਹੜੇ ਵੇਲੇ...

ਨੰਨ੍ਹਾ ਮੁੰਨਾ, ਕਾਨ੍ਹਾ ਮੇਰਾ, ਕਿਵੇਂ ਛਿੱਕੇ ਤੇ ਚੜ੍ਹਿਆ ।
ਹੁਣ ਤੁਸੀਂ ਆਈਆਂ, ਦੇਣ ਉਲਾਭਾਂ, ਉਦੋਂ ਕਿਓਂ ਨਹੀਂ ਫੜ੍ਹਿਆ ॥
ਹੋ ਝੂਠੀਆਂ ਮੂਠੀਆਂ, ਤੋਹਮਤਾਂ ਲਾ ਕੇ ।
ਮੇਰਾ ਮਨ ਤੜਫ਼ਾਇਆ,
ਦੱਸੋ ਦੱਸੋ ਸਖੀਓ, ਕੇਹੜੇ ਵੇਲੇ...

ਦੁੱਧ ਦਹੀਂ, ਮੱਖਣਾਂ ਦੇ ਪੇੜੇ, ਇਸ ਤੋਂ ਦੇਵਾਂ ਵਾਰ ।
ਸੋਹਣੇ ਸੋਹਣੇ, ਕਪੜੇ ਪਾ ਕੇ, ਸੋਹਣਾ ਕਰਾਂ ਸ਼ਿੰਗਾਰ ॥
ਮੇਰੇ ਘਰ ਵਿੱਚ, ਕਿਸ ਚੀਜ਼ ਦਾ ਘਾਟਾ ।
ਕਿਓਂ ਮੇਰਾ ਮਨ ਦੁਖਾਇਆ,
ਦੱਸੋ ਦੱਸੋ ਸਖੀਓ, ਕੇਹੜੇ ਵੇਲੇ...

ਮੱਥਾ ਟੇਕ, ਟੇਕ ਕਨ੍ਹਈਆ, ਸਤਿਗੁਰ ਤੋਂ ਮੈਂ ਲੀਤਾ ।
ਏਹ ਮੇਰੀ, ਅੱਖੀਆਂ ਦਾ ਤਾਰਾ, ਇੱਕ ਪਲ ਪਰੇ ਨਾ ਕੀਤਾ ॥
ਹੋ ਗਲੀ ਗਲੀ ਵਿੱਚ, ਇਕੱਠੀਆਂ ਹੋ ਕੇ ।
ਐਵੇਂ ਰੌਲਾ ਪਾਇਆ,
ਦੱਸੋ ਦੱਸੋ ਸਖੀਓ, ਕੇਹੜੇ ਵੇਲੇ...

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/32988/title/dasso-dasso-sakhiyo-kehde-vele-makhan-churaya

अपने Android मोबाइल पर BhajanGanga App डाउनलोड करें और भजनों का आनंद ले |